# ਖੇਤੀਬਾੜੀ ਖੇਤਰ ਲਈ ਕੀ ਹੈ ਭਾਰਤ ਦੇ ਬਜਟ 2023-24 ਵਿੱਚ?

ਵਿੱਤੀ ਸਾਲ 2023-24 (ਅਪ੍ਰੈਲ 2023-ਮਾਰਚ 2024) ਲਈ ਭਾਰਤ ਸਰਕਾਰ ਦਾ ਬਜਟ ਖੇਤੀਬਾੜੀ ਸਟਾਰਟ-ਅੱਪਾਂ ਨੂੰ ਹੁਲਾਰਾ ਪ੍ਰਦਾਨ ਕਰਨ ਅਤੇ ਕਿਸਾਨਾਂ ਲਈ ਕਰਜ਼ੇ ਦੇ ਪ੍ਰਵਾਹ ਨੂੰ ਬਿਹਤਰ ਬਣਾਉਣ ਲਈ ਧਿਆਨ ਦੇਵੇਗਾ।

2023-24 ਦੇ ਬਜਟ ਵਿੱਚ ਖੇਤੀਬਾੜੀ ਲਈ ਕੁਝ ਮੁੱਖ ਨੁਕਤੇ

ਖੇਤੀਬਾੜੀ ਲਈ ਡਿਜਿਟਲ ਜਨਤਕ ਬੁਨਿਆਦੀ ਢਾਂਚਾ

2023-24 ਦਾ ਬਜਟ ਪੇਸ਼ ਕਰਦੇ ਹੋਏ, ਭਾਰਤ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਖੇਤੀਬਾੜੀ ਲਈ ਇੱਕ ਖੁੱਲ੍ਹੇ ਸ੍ਰੋਤ, ਖੁੱਲ੍ਹੇ ਮਾਪਦੰਡ ਅਤੇ ਅੰਤਰ-ਸੰਚਾਲਿਤ ਜਨਤਕ ਭਲਾਈ ਲਈ ਡਿਜਿਟਲ ਜਨਤਕ ਬੁਨਿਆਦੀ ਢਾਂਚਾ ਬਣਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਇਹ ਢਾਂਚਾ ਫ਼ਸਲਾਂ ਦੀ ਯੋਜਨਾਬੰਦੀ ਅਤੇ ਦੇਖ-ਰੇਖ ਸੰਬੰਧਤ ਸੂਚਨਾ ਸੇਵਾਵਾਂ ਦੁਆਰਾ ਸਮਾਵੇਸ਼ੀ, ਕਿਸਾਨ-ਕੇਂਦ੍ਰਿਤ ਉਪਾਵਾਂ ਨੂੰ ਸਮਰੱਥ, ਖੇਤੀ ਲਾਗਤਾਂ, ਕਰਜ਼ੇ ਅਤੇ ਬੀਮੇ ਤੱਕ ਪਹੁੰਚ ਵਿੱਚ ਸੁਧਾਰ, ਫ਼ਸਲਾਂ ਦੇ ਅਨੁਮਾਨ ਲਈ ਮਦਦ, ਮੰਡੀਕਰਨ ਬਾਰੇ ਜਾਣਕਾਰੀ, ਅਤੇ ਖੇਤੀ-ਤਕਨੀਕੀ ਉਦਯੋਗ ਦੇ ਵਿਕਾਸ ਲਈ ਅਤੇ ਨਵੇਂ ਕੰਮ ਸ਼ੁਰੂ ਕਰਨ ਲਈ ਸਹਾਇਤਾ ਕਰੇਗਾ।

ਖੇਤੀਬਾੜੀ ਗਤੀਵਰਧਕ ਕੋਸ਼

ਪੇਂਡੂ ਖੇਤਰਾਂ ਵਿੱਚ ਨੌਜਵਾਨ ਉੱਦਮੀਆਂ ਦੁਆਰਾ ਖੇਤੀ ਦੇ ਨਵੇਂ ਰੁਝੇਵਿਆਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਖੇਤੀਬਾੜੀ ਗਤੀਵਰਧਕ ਕੋਸ਼ ਸਥਾਪਤ ਕੀਤਾ ਜਾਵੇਗਾ, ਜਿਸਦਾ ਉਦੇਸ਼ ਕਿਸਾਨਾਂ ਨੂੰ ਦਰਪੇਸ਼ ਚੁਣੌਤੀਆਂ ਲਈ ਨਵੇਂ ਅਤੇ ਕਿਫ਼ਾਇਤੀ ਹੱਲ ਪ੍ਰਦਾਨ ਕਰਨਾ ਹੋਵੇਗਾ। ਇਹ ਖੇਤੀਬਾੜੀ ਦੇ ਢੰਗ ਨੂੰ ਬਦਲਣ, ਉਤਪਾਦਕਤਾ ਅਤੇ ਮੁਨਾਫ਼ਾ ਵਧਾਉਣ ਲਈ ਆਧੁਨਿਕ ਤਕਨਾਲੋਜੀ ਨੂੰ ਵੀ ਲਿਆਏਗਾ।

ਕਪਾਹ ਦੀ ਫਸਲ ਦੀ ਉਤਪਾਦਕਤਾ ਨੂੰ ਵਧਾਉਣਾ

ਲੰਮੀ ਰੇਸ਼ੇਦਾਰ ਕਪਾਹ ਦੀ ਉਤਪਾਦਕਤਾ ਨੂੰ ਵਧਾਉਣ ਲਈ, ਸਰਕਾਰ ਨਿਜੀ ਜਨਤਕ ਭਾਗੀਦਾਰੀ (ਪੀ.ਪੀ.ਪੀ.) ਰਾਹੀਂ ਕਲੱਸਟਰ-ਅਧਾਰਤ ਮੁੱਲ ਲੜੀ ਅਪਣਾਏਗੀ। ਇਸਦਾ ਮਤਲਬ ਕਿਸਾਨਾਂ, ਸਰਕਾਰ ਅਤੇ ਉਦਯੋਗਾਂ ਵਿਚਕਾਰ ਲਾਗਤ ਸਪਲਾਈ, ਪਸਾਰ ਸੇਵਾਵਾਂ ਅਤੇ ਮੰਡੀਆਂ ਤੱਕ ਪਹੁੰਚ ਲਈ ਸਹਿਯੋਗ ਹੋਵੇਗਾ।

## ਆਤਮਨਿਰਭਰ ਬਾਗਬਾਨੀ ਸਾਫ਼ ਪੌਦ ਪ੍ਰੋਗਰਾਮ

ਸਰਕਾਰ 2,200 ਕਰੋੜ ਰੁਪਏ ਦੀ ਲਾਗਤ ਨਾਲ ਉੱਚ ਮੁੱਲ ਵਾਲੀਆਂ ਬਾਗਬਾਨੀ ਫ਼ਸਲਾਂ ਲਈ ਰੋਗ ਮੁਕਤ, ਗੁਣਵੱਤਾ ਵਾਲੀ ਬਿਜਾਈ ਸਮੱਗਰੀ ਦੀ ਉਪਲਬਧਤਾ ਨੂੰ ਹੁਲਾਰਾ ਦੇਣ ਲਈ ਆਤਮਨਿਰਭਰ ਸਾਫ਼ ਪੌਦ ਪ੍ਰੋਗਰਾਮ ਸ਼ੁਰੂ ਕਰੇਗੀ।

## ਬਾਜਰੇ ਲਈ ਗਲੋਬਲ ਹੱਬ: 'ਸ਼੍ਰੀ ਅੰਨ'

ਭਾਰਤ ਪੋਸ਼ਕ ਅਨਾਜਾਂ ਜਾਂ 'ਸ਼੍ਰੀ ਅੰਨ' ਦਾ ਦੁਨੀਆ ਦਾ ਸਭ ਤੋਂ ਵੱਡਾ ਉਤਪਾਦਕ ਅਤੇ ਦੂਜਾ ਸਭ ਤੋਂ ਵੱਡਾ ਨਿਰਯਾਤਕ ਹੈ। ਇਹ 'ਸ਼੍ਰੀ ਅੰਨ' ਦੀਆਂ ਕਈ ਕਿਸਮਾਂ ਉਗਾਉਂਦਾ ਹੈ ਜਿਵੇਂ ਕਿ ਜਵਾਰ, ਰਾਗੀ, ਬਾਜਰਾ, ਕੁੱਟੂ, ਰਾਮਦਾਣਾ, ਕੰਗਨੀ, ਕੁਟਕੀ, ਕੋਡੋ, ਚੀਨਾ ਅਤੇ ਸਾਮਾ। ਭਾਰਤ ਨੂੰ 'ਸ਼੍ਰੀ ਅੰਨ' ਵਾਸਤੇ ਇੱਕ ਗਲੋਬਲ ਹੱਬ ਬਣਾਉਣ ਲਈ, ਭਾਰਤੀ ਬਾਜਰਾ ਖੋਜ ਸੰਸਥਾ, ਹੈਦਰਾਬਾਦ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਬਿਹਤਰੀਨ ਅਭਿਆਸਾਂ, ਖੋਜਾਂ ਅਤੇ ਤਕਨਾਲੋਜੀਆਂ ਨੂੰ ਸਾਂਝਾ ਕਰਨ ਲਈ ਸੈਂਟਰ ਆਫ਼ ਐਕਸੀਲੈਂਸ ਵਜੋਂ ਸਹਿਯੋਗ ਦਿੱਤਾ ਜਾਵੇਗਾ।

## ਖੇਤੀਬਾੜੀ ਲਈ ਕਰਜ਼ਾ

ਪਸ਼ੂ-ਪਾਲਣ, ਡੇਅਰੀ ਅਤੇ ਮੱਛੀ ਪਾਲਣ ਨੂੰ ਧਿਆਨ ਵਿੱਚ ਰੱਖਦੇ ਹੋਏ ਖੇਤੀਬਾੜੀ ਕਰਜ਼ੇ ਦਾ ਟੀਚਾ ਵਧਾ ਕੇ 20 ਲੱਖ ਕਰੋੜ ਰੁਪਏ ਕੀਤਾ ਜਾਵੇਗਾ। ਸਰਕਾਰ ਮਛੇਰਿਆਂ, ਮੱਛੀ ਵਿਕਰੇਤਾਵਾਂ, ਅਤੇ ਸੂਖਮ ਅਤੇ ਛੋਟੇ ਉਦਯੋਗਾਂ ਦੀਆਂ ਗਤੀਵਿਧੀਆਂ ਨੂੰ ਹੋਰ ਸਮਰੱਥ ਬਣਾਉਣ, ਮੁੱਲ ਲੜੀ ਦੀ ਕੁਸ਼ਲਤਾ ਵਿੱਚ ਸੁਧਾਰ ਕਰਨ ਅਤੇ ਬਾਜ਼ਾਰ ਦਾ ਵਿਸਤਾਰ

ਕਰਨ ਲਈ 6,000 ਕਰੋੜ ਰੁਪਏ ਦੇ ਟੀਚੇ ਵਾਲੇ ਨਿਵੇਸ਼ ਨਾਲ ਪ੍ਰਧਾਨ ਮੰਤਰੀ ਮਤਸਯ ਸੰਪਦਾ ਯੋਜਨਾ ਦੀ ਇੱਕ ਨਵੀਂ ਉਪ-ਸਕੀਮ ਸ਼ੁਰੂ ਕਰੇਗੀ।

ਭਾਰਤੀ ਕੁਦਰਤੀ ਖੇਤੀ ਬਾਇਓ-ਇਨਪੁਟ ਰਿਸੋਰਸ ਸੈਂਟਰ

ਅਗਲੇ ਤਿੰਨ ਸਾਲਾਂ ਵਿੱਚ ਕੇਂਦਰ ਇੱਕ ਕਰੋੜ ਕਿਸਾਨਾਂ ਨੂੰ ਕੁਦਰਤੀ ਖੇਤੀ ਅਪਣਾਉਣ ਦੀ ਸਹੂਲਤ ਦੇਵੇਗਾ। ਇਸਦੇ ਲਈ, ਰਾਸ਼ਟਰੀ ਪੱਧਰ 'ਤੇ ਸੂਖਮ-ਖਾਦਾਂ ਅਤੇ ਕੀਟਨਾਸ਼ਕ ਨਿਰਮਾਣ ਨੈੱਟਵਰਕ ਬਣਾਉਣ ਲਈ 10,000 ਬਾਇਓ-ਇਨਪੁਟ ਰਿਸੋਰਸ ਸੈਂਟਰ ਸਥਾਪਿਤ ਕੀਤੇ ਜਾਣਗੇ।